ਮਿੱਠੇ ਬੱਚੇ:- "ਮਿੱਠੇ ਬੱਚੇ :- ਹੁਣ ਮਨੁੱਖਾਂ ਦਵਾਰਾ ਮਿਲੇ ਹੋਏ ਮੰਤਰ - ਜੰਤਰ ਕੰਮ ਵਿੱਚ ਨਹੀਂ ਆਉਣੇ ਹਨ, ਇਸਲਈ ਤੁਸੀਂ ਸਭਤੋਂ ਬੁਧੀਯੋਗ ਤੋੜ ਇੱਕ ਬਾਪ ਨੂੰ ਯਾਦ ਕਰੋ"

ਪ੍ਰਸ਼ਨ:- ਭਗਤੀ ਦੀ ਕਿਹੜੀ ਗੱਲ ਗਿਆਨ ਮਾਰਗ ਵਿੱਚ ਨਹੀਂ ਚਲ ਸਕਦੀ ਹੈ?

ਉੱਤਰ:- ਭਗਤੀ ਵਿੱਚ ਭਗਵਾਨ ਕੋਲੋਂ ਕਿਰਪਾ ਅਤੇ ਅਸ਼ੀਰਵਾਦ ਮੰਗਦੇ ਹਨ, ਗਿਆਨ ਮਾਰਗ ਵਿੱਚ ਅਸ਼ੀਰਵਾਦ ਅਤੇ ਕਿਰਪਾ ਦੀ ਗੱਲ ਨਹੀਂ। ਇਹ ਪੜ੍ਹਾਈ ਹੈ, ਬਾਪ ਟੀਚਰ ਬਣਕੇ ਤੁਹਾਨੂੰ ਪੜ੍ਹਾ ਰਹੇ ਹਨ। ਤਕਦੀਰ ਦਾ ਆਧਾਰ ਪੜ੍ਹਾਈ ਤੇ ਹੈ। ਜੇਕਰ ਬਾਪ ਕ੍ਰਿਪਾ ਕਰਨ ਤਾਂ ਸਾਰਾ ਕਲਾਸ ਹੀ ਪਾਸ ਹੋ ਜਾਏ ਇਸਲਈ ਗਿਆਨ ਮਾਰਗ ਵਿੱਚ ਕ੍ਰਿਪਾ ਅਤੇ ਅਸ਼ੀਰਵਾਦ ਦੀ ਗੱਲ ਨਹੀਂ। ਹਰੇਕ ਨੂੰ ਆਪਣਾ - ਆਪਣਾ ਪੁਰਸ਼ਾਰਥ ਜਰੂਰ ਕਰਨਾ ਹੈ।

ਗੀਤ:- ਮੈਂ ਇੱਕ ਨਨ੍ਹਾ ਸਾ ਬੱਚਾ ਹਾਂ...

ਓਮ ਸ਼ਾਂਤੀ। ਇਹ ਹੈ ਭਗਤੀ ਮਾਰਗ ਦੇ ਲਈ ਪੁਕਾਰ, ਛੋਟੇ ਅਤੇ ਵੱਡੇ ਦੀ ਕਿਉਂਕਿ ਸਮਝਾਇਆ ਗਿਆ ਹੈ ਭਗਤ ਤਾਂ ਯੱਗ, ਜਪ, ਤਪ ਆਦਿ ਕਰਦੇ ਹਨ, ਸਮਝਦੇ ਹਨ ਇਸ ਤੋਂ ਸਾਨੂੰ ਪਰਮਾਤਮਾ ਨੂੰ ਮਿਲਣ ਦਾ ਰਸਤਾ ਮਿਲੇਗਾ। ਫਿਰ ਈਸ਼ਵਰ ਨੂੰ ਸਰਵਵਿਆਪੀ ਕਹਿਣਾ, ਮੈਂ ਵੀ ਉਹਨਾਂ ਦਾ ਰੂਪ ਹਾਂ, ਮੇਰੇ ਮਨ ਵਿੱਚ ਵੀ ਭਗਵਾਨ ਹੈ, ਇਹ ਕਹਿਣਾ ਤਾਂ ਝੂਠ ਹੈ ਨਾ। ਉਹ ਕੋਈ ਦੁੱਖ ਸਹਿਣ ਨਹੀਂ ਕਰਦਾ। ਭਗਵਾਨ ਤਾਂ ਵੱਖ ਚੀਜ਼ ਹਨ। ਇਹ ਹੀ ਮਨੁੱਖਾਂ ਦੀ ਭੁੱਲ ਹੈ ਜਿਸ ਕਾਰਨ ਦੁੱਖ ਭੋਗ ਰਹੇ ਹਨ। ਤੁਹਾਡੇ ਵਿੱਚ ਕੋਈ ਵਿਰਲੇ ਹੀ ਬਾਪ ਨੂੰ ਜਾਣਦੇ ਹਨ। ਮਾਇਆ ਘੜੀ - ਘੜੀ ਭੁਲਾ ਦਿੰਦੀ ਹੈ। ਬਾਪ ਤਾਂ ਬਾਰ - ਬਾਰ ਕਹਿੰਦੇ ਹਨ, ਤੁਹਾਨੂੰ ਸ਼੍ਰੀਮਤ ਦਿੰਦੇ ਹਾਂ ਕਿ ਆਪਣੇ ਨੂੰ ਆਤਮਾ ਸਮਝੋ ਅਤੇ ਮੈਨੂੰ ਬਾਪ ਨੂੰ ਯਾਦ ਕਰੋ। ਇਹ ਹੈ ਸ਼੍ਰੇਸ਼ਠ ਤੇ ਸ਼੍ਰੇਸ਼ਠ ਮਤ। ਬਾਪ ਦੀ ਸ਼੍ਰੀਮਤ ਨਾਲ ਮਨੁੱਖ ਨਰ ਤੋਂ ਨਾਰਾਇਣ, ਪਤਿਤ ਤੋਂ ਪਾਵਨ ਬਣਦੇ ਹਨ। ਇਸ ਸਮੇਂ ਦੇ ਜੋ ਇਹ ਪਤਿਤ ਮਨੁੱਖ ਹਨ ਉਹਨਾਂ ਦੀ ਸ਼੍ਰੇਸ਼ਠ ਮਤ ਨਹੀਂ ਹੈ। ਭਗਵਾਨ ਨੇ ਵੀ ਕਿਹਾ ਹੈ ਕਿ ਇਹ ਭ੍ਰਿਸ਼ਟਾਚਾਰੀ ਅਸੁਰੀ ਸੰਪ੍ਰਦਾਈ ਹੈ। ਬਾਪ ਕਹਿੰਦੇ ਹਨ ਤੁਹਾਡਾ ਦੇਵੀ - ਦੇਵਤਾ ਧਰਮ ਬਹੁਤ ਸੁਖ ਦੇਣ ਵਾਲਾ ਹੈ। ਤੁਸੀਂ ਬਹੁਤ ਸੁਖ ਪਾਇਆ ਹੈ, ਇਹ ਬਣਾ - ਬਣਾਇਆ ਡਰਾਮਾ ਹੈ। ਇਵੇਂ ਨਹੀਂ ਕਿ ਭਗਵਾਨ ਨੇ ਕਿਉਂ ਬਣਾਇਆ ਹੈ? ਇਹ ਤਾਂ ਅਨਾਦਿ ਡਰਾਮਾ ਹੈ ਨਾ। ਗਿਆਨ ਮਾਨਾ ਦਿਨ, ਭਗਤੀ ਮਾਨਾ ਰਾਤ। ਗਿਆਨ ਨਾਲ ਹੁਣ ਤੁਸੀਂ ਸਵਰਗਵਾਸੀ ਬਣ ਰਹੇ ਹੋ, ਭਗਤੀ ਨਾਲ ਨਰਕਵਾਸੀ ਬਣੇ ਹੋ। ਪਰ ਮਨੁੱਖ ਪੱਥਰਬੁੱਧੀ ਹੋਣ ਕਾਰਣ ਸਮਝਦੇ ਨਹੀਂ। ਕ੍ਰੋਧ ਕਿੰਨਾ ਭਾਰੀ ਹੈ। ਕਿੰਨੇ ਬੰਮਸ ਬਣਾਉਂਦੇ ਰਹਿੰਦੇ ਹਨ, ਸਮਝਦੇ ਹਨ ਵਿਨਾਸ਼ ਜਰੂਰ ਹੋਵੇਗਾ। ਤਾਂ ਇਹ ਭ੍ਰਿਸ਼ਟਾਚਾਰੀ ਬੁੱਧੀ ਹੋਈ ਨਾ। ਕਲਯੁੱਗ ਨੂੰ ਕਿਹਾ ਜਾਂਦਾ ਹੈ ਰਾਵਣ ਰਾਜ। ਰਾਵਣ ਹੀ ਭ੍ਰਸ਼ਟਾਚਾਰੀ ਬਣਾਉਂਦੇ ਹਨ। ਬਾਪ ਆਕੇ ਆਰਡੀਨੈਂਸ ਨਿਕਾਲਦੇ ਹਨ ਕਿ ਹੁਣ ਭ੍ਰਸ਼ਟਾਚਾਰ ਬੰਦ ਕਰੋ। ਨੰਬਰਵਨ ਭ੍ਰਸ਼ਟਾਚਾਰ ਹੈ ਇੱਕ - ਦੋ ਨੂੰ ਪਤਿਤ ਬਣਾਉਣਾ। ਇਹ ਹੈ ਵੇਸ਼ਾਲਿਆ। ਕਲਿਯੁਗੀ ਭਾਰਤ ਨੂੰ ਵੇਸ਼ਾਲਿਆ ਕਿਹਾ ਜਾਂਦਾ ਹੈ। ਸਭ ਵਿਸ਼ ਨਾਲ ਪੈਦਾ ਹੋਣ ਵਾਲੇ ਹਨ। ਸਤਿਯੁਗ ਨੂੰ ਕਿਹਾ ਜਾਂਦਾ ਹੈ ਸ਼ਿਵਾਲਾ। ਸ਼ਿਵਬਾਬਾ ਦਾ ਸਥਾਪਨ ਕੀਤਾ ਹੋਇਆ ਪਵਿੱਤਰ ਭਾਰਤ। ਲਕਸ਼ਮੀ - ਨਾਰਾਇਣ ਆਦਿ ਨੂੰ ਕਿਹਾ ਜਾਂਦਾ ਹੈ ਸਰਵਗੁਣ ਸੰਪੰਨ 16 ਕਲਾ ਸੰਪੂਰਨ, ਸੰਮੂਰਨ ਨਿਰਵਿਕਾਰੀ... ਫਿਰ ਇਹ ਪ੍ਰਸ਼ਨ ਨਹੀਂ ਉੱਠ ਸਕਦਾ ਕੀ ਬੱਚੇ ਕਿਵੇਂ ਪੈਦਾ ਹੁੰਦੇ ਹਨ? ਜਦੋਂਕਿ ਤੁਸੀਂ ਬੱਚੇ ਯੋਗਬਲ ਨਾਲ ਵਿਸ਼ਵ ਦੇ ਮਾਲਿਕ ਬਣ ਸਕਦੇ ਹੋ ਤਾਂ ਯੋਗਬਲ ਨਾਲ ਕੀ ਨਹੀਂ ਹੋ ਸਕਦਾ ਹੈ! ਬਾਬਾ ਕਹਿੰਦੇ ਹਨ ਤੁਸੀਂ ਯੋਗਬਲ ਨਾਲ ਸ਼੍ਰੀਮਤ ਤੇ ਸਵਰਗ ਦੇ ਮਾਲਿਕ ਬਣ ਸਕਦੇ ਹੋ ਤਾਂ ਉੱਥੇ ਯੋਗਬਲ ਨਾਲ ਬੱਚੇ ਵੀ ਪੈਦਾ ਹੋਣਗੇ। ਬਾਹੂਬਲ ਨਾਲ ਸਾਰੀ ਸ੍ਰਿਸ਼ਟੀ ਤੇ ਰਾਜ ਨਹੀਂ ਕਰ ਸਕਦੇ। ਉਹਨਾਂ ਦਾ ਹੈ ਬਾਹੂਬਲ, ਤੁਹਾਡਾ ਹੈ ਯੋਗਬਲ। ਤੁਸੀਂ ਸਰਵਸ਼ਕਤੀਮਾਨ ਬਾਪ ਨਾਲ ਯੋਗ ਲਗਾਉਂਦੇ ਹੋ। ਸਰਵਸ਼ਕਤੀਮਾਨ ਬਾਪ ਖੁਦ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਪਰ ਕਿਸੇ ਦੀ ਬੁੱਧੀ ਵਿੱਚ ਠਹਿਰਦਾ ਨਹੀਂ। ਉਸ ਸਮੇਂ ਹਾਂ - ਹਾਂ ਕਹਿੰਦੇ ਹਨ ਫਿਰ ਭੁੱਲ ਜਾਂਦੇ ਹਨ।

ਬਰੋਬਰ ਭਗਵਾਨ ਬੇਹੱਦ ਦਾ ਬਾਪ ਰਾਜਯੋਗ ਸਿੱਖਾਕੇ ਗਿਆਨ ਨਾਲ ਸਾਡਾ ਸ਼ਿੰਗਾਰ ਕਰ ਰਹੇ ਹਨ। ਫਿਰ ਵੀ ਬੁੱਧੀ ਵਿੱਚ ਬੈਠਦਾ ਨਹੀਂ ਤਾਂ ਕਹਿਣਗੇ ਉਸਦੀ ਤਕਦੀਰ ਵਿੱਚ ਨਹੀਂ ਹੈ ਇਸਲਈ ਤਦਬੀਰ ਨਹੀਂ ਕਰਦੇ। ਟੀਚਰ ਤਾਂ ਸਭਨੂੰ ਪੜ੍ਹਾਉਂਦੇ ਹਨ ਫਿਰ ਕੋਈ ਕਿੰਨਾ ਪੜ੍ਹਦੇ ਹਨ, ਕੋਈ ਨਾਪਾਸ ਹੋ ਜਾਂਦੇ ਹਨ। ਟੀਚਰ ਨੂੰ ਥੋੜੀਹੀ ਕਹਾਂਗੇ ਅਸ਼ੀਰਵਾਦ ਕਰੋ। ਪੜ੍ਹਾਈ ਵਿੱਚ ਅਸ਼ੀਰਵਾਦ, ਕ੍ਰਿਪਾ ਆਦਿ ਨਹੀਂ ਚੱਲਦੀ ਹੈ। ਗਿਆਨ ਸਾਗਰ ਬਾਪ ਤਾਂ ਤੁਹਾਨੂੰ ਨਮਸਤੇ ਕਰਦੇ ਹਨ। ਕ੍ਰਿਪਾ ਅਤੇ ਅਸ਼ੀਰਵਾਦ ਨਹੀਂ ਮੰਗਣੀ ਹੈ। ਬਾਪ ਦੇ ਕੋਲ ਬੱਚਾ ਆਇਆ ਤਾਂ ਉਹ ਮਾਲਿਕ ਹੀ ਬਣ ਜਾਂਦਾ ਹੈ। ਬਾਪ ਕਹਿੰਦੇ ਹਨ ਇਹ ਤੇ ਮਾਲਿਕ ਹੈ, ਕ੍ਰਿਪਾ ਦੀ ਗੱਲ ਨਹੀਂ। ਬਾਪ ਦੀ ਮਲਕੀਅਤ ਬੱਚੇ ਦੀ ਹੋ ਗਈ। ਹਾਂ, ਬਾਕੀ ਬੱਚਿਆਂ ਨੂੰ ਸੁਧਾਰਨਾ, ਇਹ ਟੀਚਰ ਦਾ ਕੰਮ ਹੈ। ਟੀਚਰ ਕਹਿਣਗੇ ਪੜ੍ਹੋ। ਪੜ੍ਹਨਾ ਤੁਹਾਡਾ ਕੰਮ ਹੈ। ਕ੍ਰਿਪਾ ਕੀ ਕਰਨਗੇ? ਗੁਰੂ ਦਾ ਫਰਜ਼ ਹੈ ਰਸਤਾ ਦੱਸਣਾ, ਸਦਗਤੀ ਮਾਰਗ ਦਾ। ਆਸ਼ੀਰਵਾਦ ਦੀ ਗੱਲ ਨਹੀਂ। ਇਹ ਤਾਂ ਇੱਕ ਹੀ ਬਾਪ, ਟੀਚਰ, ਗੁਰੂ ਹੈ। ਤਿੰਨਾਂ ਕੋਲ ਕ੍ਰਿਪਾ ਮੰਗਣ ਦੀ ਗੱਲ ਨਹੀਂ। ਬੇਸਮਝ ਮਨੁੱਖਾਂ ਨੂੰ ਬਾਪ ਬੈਠ ਸਮਝ ਦਿੰਦੇ ਹਨ। ਇਹ ਤਾਂ ਉਹਨਾਂ ਦੀ ਅਸ਼ੀਰਵਾਦ ਹੈ ਹੀ। ਬਾਕੀ ਉਸ ਤੇ ਚੱਲਣਾ ਬੱਚਿਆਂ ਦਾ ਕੰਮ ਹੈ। ਗਾਇਆ ਹੋਇਆ ਹੈ - ਸ਼੍ਰੀਮਤ ਭਗਵਾਨੁਵਾਚ। ਉਹ ਹੈ ਉੱਚ ਤੇ ਉੱਚ ਤਾਂ ਉਹਨਾਂ ਦੀ ਮਤ ਵੀ ਉੱਚੀ ਹੋਵੇਗੀ ਨਾ। ਸ਼੍ਰੀਮਤ ਨਾਲ ਤੁਸੀਂ ਸ਼੍ਰੇਸ਼ਠ ਦੇਵੀ- ਦੇਵਤਾ ਬਣ ਰਹੇ ਹੋ ਨੰਬਰਵਾਰ

ਪੁਰਸ਼ਾਰਥ ਅਨੁਸਾਰ। ਤੁਸੀਂ ਵੀ ਸਮਝ ਸਕਦੇ ਹੋ ਅਸੀਂ ਕਿੰਨੀ ਮਾਰਕਸ ਨਾਲ ਪਾਸ ਹੋਵਾਂਗੇ। ਸਕੂਲ ਵਿੱਚ ਸਟੂਡੈਂਟਸ ਤੇ ਸਮਝ ਸਕਦੇ ਹਨ ਨਾ - ਅਸੀਂ ਪੂਰਾ ਪੜ੍ਹਿਆ ਨਹੀਂ ਹੈ ਇਸਲਈ ਅਸੀਂ ਨਾਪਾਸ ਹੋਵਾਂਗੇ। ਬਾਪ ਵੀ ਰਜਿਸਟਰ ਤੋਂ ਸਮਝ ਜਾਂਦੇ ਹਨ ਇਹ ਨਾਪਾਸ ਹੋਵੇਗਾ। ਇਹ ਵੀ ਬੇਹੱਦ ਦਾ ਬਾਪ, ਟੀਚਰ, ਗੁਰੂ ਇੱਕ ਹੈ ਹੈ। ਇਹ ਵੀ ਜਾਣਦੇ ਹਨ, ਬੱਚੇ ਵੀ ਜਾਣਦੇ ਹਨ ਅਸੀਂ ਪੜ੍ਹਦੇ ਨਹੀਂ। ਪੜ੍ਹਦੇ ਨਹੀਂ ਤੇ ਜਰੂਰ ਘੱਟ ਪਦਵੀ ਹੋਵੇਗੀ। ਇਹ ਵੀ ਪੁਰਸ਼ਾਰਥ ਨਹੀ ਕਰਦੇ ਕਿ ਚੰਗਾ ਅਸੀਂ ਤਿੱਖਾ ਪੜ੍ਹੀਏ। ਭਾਵੇਂ ਕਿੰਨਾ ਵੀ ਮੱਥਾ ਮਾਰਦੇ ਹਨ, ਸਮਝਾਉਂਦੇ ਹਨ ਤਾਂ ਵੀ ਕੁਝ ਕਰਦੇ ਨਹੀਂ। ਸ਼੍ਰੀਮਤ ਤੇ ਨਾ ਚੱਲਣ ਨਾਲ ਘਟ ਪਦਵੀ ਪਾਉਣਗੇ। ਜੋ ਬੱਚੇ ਬਣਦੇ ਹਨ ਉਹ ਡੀਨੇਸਿਟੀ ਵਿੱਚ ਤਾਂ ਆ ਜਾਣਗੇ। ਉਸ ਵਿੱਚ ਵੀ ਬਹੁਤ ਪਦਵੀ ਹੈ ਨਾ। ਦਾਸ - ਦਾਸੀ ਵੀ ਬਣਦੇ ਹਨ। ਬੱਚੇ ਜਾਣਦੇ ਹਨ ਪੜ੍ਹਾਂਗੇ, ਪੜ੍ਹਾਵਾਂਗੇ ਨਹੀਂ ਤਾਂ ਦਾਸ - ਦਾਸੀ ਬਣਾਂਗੇ। ਪਰ ਉਹ ਵੀ ਰਾਇਲ ਰਹਿੰਦੇ ਹਨ। ਲਕਸ਼ਮੀ - ਨਾਰਾਇਣ ਦੇ ਹੀਰੇ - ਜਵਾਹਰਾਤਾਂ ਦੇ ਮਹਿਲ ਹੋਣਗੇ, ਤਾਂ ਦਾਸ ਦਾਸੀ ਵੀ ਉੱਥੇ ਰਹਿਣਗੇ ਨਾ। ਫਿਰ ਨੰਬਰਵਾਰ ਅੱਗੇ ਚੱਲ ਪਦਵੀ ਪਾ ਸਕਦੇ ਹਨ। ਪ੍ਰਜਾ ਵਿੱਚ ਵੀ ਨੰਬਰਵਾਰ ਹਨ। ਭਗਤੀ ਮਾਰਗ ਵਿੱਚ ਮਨੁੱਖ ਇੰਨਸ਼ੋਅਰ ਕਰਦੇ ਹਨ ਨਾ। ਈਸ਼ਵਰ ਅਰਥ ਦਾਨ ਕਰਦੇ ਹਨ। ਸਮਝੋ ਕਿਸੇ ਨੇ ਹਾਸਪਿਟਲ ਬਣਾਈ ਹੋਵੇਗੀ ਤਾਂ ਦੂਸਰੇ ਜਨਮ ਵਿੱਚ ਚੰਗੀ ਨਿਰੋਗੀ ਕਾਇਆ ਮਿਲੇਗੀ। ਅਲਪਕਾਲ ਦੇ ਲਈ ਫਲ ਤਾਂ ਮਿਲਦਾ ਹੈ ਨਾ। ਕਿਸੇ ਨੇ ਪਾਠਸ਼ਾਲਾ ਖੋਲ੍ਹੀ ਹੋਵੇਗੀ ਤਾਂ ਦੂਸਰੇ ਜਨਮ ਵਿੱਚ ਚੰਗਾ ਪੜ੍ਹਨਗੇ। ਧਰਮਸ਼ਾਲਾ ਖੋਲ੍ਹੀ ਹੋਵੇਗੀ ਤਾਂ ਦੂਸਰੇ ਜਨਮ ਵਿੱਚ ਰਹਿਣ ਦੇ ਲਈ ਚੰਗਾ ਮਕਾਨ ਮਿਲੇਗਾ। ਤਾਂ ਇਹ ਇੰਨਸ਼ੋਅਰ ਕਰਨਾ ਹੋਇਆ ਨਾ। ਹਰ ਇੱਕ ਆਪਣੇ ਨੂੰ ਇੰਨਸ਼ੋਅਰ ਕਰਦੇ ਹਨ। ਹੁਣ ਤੁਹਾਡਾ ਹੈ ਡਾਇਰੈਕਟ ਈਸ਼ਵਰ ਦੇ ਨਾਲ। ਉਹ ਹੈ ਇੰਨਡਾਇਰੈਕਟ, ਇਹ ਹੈ ਡਾਇਰੈਕਟ ਇੰਨਸ਼ੋਅਰ ਕਰਨਾ। ਬਾਬਾ ਇਹ ਸਭ ਕੁਝ ਤੁਹਾਡਾ ਹੀ ਹੈ, ਅਸੀਂ ਟ੍ਰਸਟੀ ਹਾਂ। ਇਸਦੇ ਬਦਲੇ ਤੁਸੀਂ ਸਾਨੂੰ 21 ਜਨਮ ਦੇ ਲਈ ਸਵਰਾਜ ਦੇ ਦੇਣਾ। ਇਹ ਹੋਇਆ ਡਾਇਰੈਕਟ ਬਾਪ ਨੂੰ ਇੰਨਸ਼ੋਅਰ ਕਰਨਾ, 21 ਜਨਮ ਲਈ। ਬਾਪ ਕਹਿੰਦੇ ਹਨ ਆਪਣਾ ਬੈਗ ਬੈਗੇਜ ਸਭ ਸਤਿਯੁਗ ਵਿੱਚ ਟ੍ਰਾਂਸਫਰ ਕਰ ਦਵੋ। ਜਿਵੇਂ ਲੜਾਈ ਲੱਗਦੀ ਹੈ ਫਿਰ ਛੋਟੇ - ਛੋਟੇ ਰਾਜੇ ਵੱਡੇ ਰਾਜਿਆਂ ਕੋਲ ਆਪਣੀ ਮਲਕੀਅਤ ਰੱਖਦੇ ਹਨ। ਫਿਰ ਲੜਾਈ ਜਦੋ ਪੂਰੀ ਹੋ ਜਾਂਦੀ ਹੈ ਤਾਂ ਫਿਰ ਵੱਡਿਆਂ ਤੋਂ ਵਾਪਿਸ ਲੈ ਲੈਂਦੇ ਹਨ। ਬਾਬਾ ਤੇ ਇਹਨਾਂ ਗੱਲਾਂ ਦਾ ਅਨੁਭਵੀ ਹੈ ਨਾ। ਬਾਪ ਵੀ ਜਾਣਦੇ ਹਨ, ਇਹ ਦਾਦਾ ਵੀ ਜਾਣਦੇ ਹਨ। ਸਮਝਣਾ ਚਾਹੀਦਾ ਹੈ ਸਾਨੂੰ ਦਾਦਾ ਦਵਾਰਾ ਵਰਸਾ ਮਿਲਦਾ ਹੈ। ਬਾਪ ਪੜ੍ਹਾਉਂਦੇ ਹਨ। ਹੇਵਿਨਲੀ ਗੋਡ ਫ਼ਾਦਰ ਉਹ ਬਾਪ ਹੈ, ਇਹ ਨਹੀਂ, ਇਹ ਹੈ ਦਾਦਾ। ਪਹਿਲੇ ਜਰੂਰ ਦਾਦੇ ਦਾ ਬਣਨਾ ਪਵੇ। ਬਾਬਾ, ਅਸੀਂ ਤੁਹਾਡੇ ਹਾਂ, ਤੁਹਾਡੇ ਕੋਲੋਂ ਅਸੀਂ ਵਰਸਾ ਲਵਾਂਗੇ। ਹੋਰ ਸਭ ਪਾਸੇ ਤੋਂ ਬੁੱਧੀਯੋਗ ਤੋੜਣਾ ਇਸ ਵਿੱਚ ਮਿਹਨਤ ਹੈ।

ਬਾਪ ਕਹਿੰਦੇ ਹਨ ਹੁਣ ਹੋਰ ਕਿਸੇ ਗੁਰੂ ਆਦਿ ਦੇ ਮੰਤਰ ਕੋਈ ਵੀ ਕੰਮ ਵਿੱਚ ਨਹੀਂ ਆਉਣਗੇ। ਕੋਈ ਵੀ ਮਨੁੱਖ ਮਾਤਰ ਦਾ ਮੰਤਰ ਹੁਣ ਕੰਮ ਵਿੱਚ ਨਹੀਂ ਆਏਗਾ। ਮੈਂ ਤੁਹਾਨੂੰ ਕਹਿੰਦਾ ਹਾਂ ਮੈਨੂੰ ਯਾਦ ਕਰੋ ਤਾਂ ਤੁਹਾਡੀ ਵਿਜੇ ਹੈ। ਤੁਹਾਡੇ ਸਿਰ ਤੇ ਪਾਪਾਂ ਦਾ ਬੋਝਾ ਬਹੁਤ ਹੈ। ਹੁਣ ਮੈਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਫਿਰ ਤੁਹਾਨੂੰ ਸਵਰਗ ਵਿੱਚ ਭੇਜ ਦਵਾਂਗਾ। ਪਹਿਲੇ ਤੇ ਇਹ ਨਿਸ਼ਚੇ ਚਾਹੀਦਾ ਹੈ ਨਾ। ਨਿਸ਼ਚੇ ਨਹੀਂ ਹੈ ਤਾਂ ਬਾਬਾ ਬੁੱਧੀ ਦਾ ਤਾਲਾ ਵੀ ਨਹੀਂ ਖੋਲ੍ਹਦਾ, ਧਾਰਣਾ ਨਹੀਂ ਹੁੰਦੀ। ਬਾਪ ਦਾ ਬਣੇ ਤਾਂ ਵਰਸੇ ਦਾ ਵੀ ਹੱਕਦਾਰ ਬਣੇ। ਬੁੱਧੀ ਵਿੱਚ ਬੈਠਦਾ ਨਹੀਂ ਹੈ। ਕੋਈ - ਕੋਈ ਨਵੇਂ ਵੀ ਪੁਰਾਣਿਆਂ ਤੋਂ ਤਿੱਖੇ ਚਲੇ ਜਾਂਦੇ ਹਨ। ਬਾਪ ਤੇ ਚੰਗੀ ਤਰ੍ਹਾਂ ਸਮਝਾਉਂਦੇ ਹਨ। ਜਿਨਾਂ ਜੋ ਪੜ੍ਹਨਗੇ ਓਨੀ ਕਮਾਈ ਹੈ। ਇਹ ਗੋਡ ਫਾਦਰਲੀ ਨਾਲੇਜ਼ ਸੋਰਸ ਆਫ਼ ਇਨਕਮ ਹੈ। ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ, ਨਾਲੇਜ਼ ਨਾਲ। ਮਨੁੱਖਾਂ ਵਿੱਚ ਇਹ ਗਿਆਨ ਥੋੜੀ ਹੀ ਹੈ। ਹੁਣ ਤੁਸੀਂ ਮੇਰੇ ਬੱਚੇ ਆਸੁਰੀ ਸੰਪ੍ਰਦਾਈ, ਭ੍ਰਿਸ਼ਟਾਚਾਰੀ ਤੋਂ ਸ਼੍ਰੇਸ਼ਠਾਚਾਰੀ ਬਣ ਰਹੇ ਹੋ। ਸਿਵਾਏ ਸ਼੍ਰੀਮਤ ਦੇ ਕੋਈ ਵੀ ਸ਼੍ਰੇਸਠਾਚਾਰੀ ਬਣ ਨਹੀਂ ਸਕਦਾ। ਨਹੀਂ ਤਾਂ ਫਿਰ ਅੰਤ ਵਿੱਚ ਸਜਾਵਾਂ ਖਾਕੇ ਵਾਪਿਸ ਜਾਣਗੇ। ਭਾਵੇਂ ਥੋੜ੍ਹਾ- ਬਹੁਤ ਜੋ ਸੁਣਦੇ ਹਨ ਉਹ ਸਵਰਗ ਵਿੱਚ ਆਉਣਗੇ ਪਰ ਬਿਲਕੁਲ ਹੀ ਸਾਧਾਰਨ ਪ੍ਰਜਾ ਵਿੱਚ। ਮਰਤਬੇ ਵਿੱਚ ਤਾਂ ਨੰਬਰਵਾਰ ਹੁੰਦੇ ਹਨ ਨਾ। ਉੱਥੇ ਇਵੇਂ ਦੇ ਗ਼ਰੀਬ ਨਹੀਂ ਹੋਣਗੇ ਜੋ ਕਿਸੇਨੂੰ ਰੋਟੀ ਨਾ ਮਿਲੇ। ਇੱਥੇ ਵਰਗੇ ਗ਼ਰੀਬ ਉੱਥੇ ਨਹੀਂ ਹੁੰਦੇ। ਸੁਖ ਸਭਨੂੰ ਰਹਿੰਦਾ ਹੈ। ਪਰ ਇਵੇਂ ਨਹੀਂ ਸਮਝਣਾ ਹੈ - ਅੱਛਾ, ਪ੍ਰਜਾ ਤਾਂ ਪ੍ਰਜਾ ਹੀ ਸਹੀ। ਇਹ ਤਾਂ ਕਮਜ਼ੋਰੀ ਹੋਈ ਨਾ। ਪਹਿਲੇ ਤੇ ਪੱਕਾ ਨਿਸ਼ਚੇ ਚਾਹੀਦਾ ਹੈ। ਇਹ ਨਿਰਾਕਾਰ ਭਗਵਾਨੁਵਾਚ ਹੈ। ਭਗਵਾਨ ਕਹਿੰਦੇ ਹਨ ਮੈਨੂੰ ਮਨੁੱਖ ਚੋਲਾ ਤਾਂ ਨਹੀਂ ਹੈ। ਮੇਰਾ ਨਾਮ ਹੈ ਸ਼ਿਵ। ਬਾਕੀ ਜੋ ਵੀ ਦੇਵਤੇ ਅਤੇ ਮਨੁੱਖ ਹਨ, ਸਭਦੇ ਸ਼ਰੀਰਾਂ ਤੇ ਨਾਮ ਹਨ, ਮੇਰਾ ਨਾਮ ਸ਼ਰੀਰ ਤੇ ਨਹੀਂ ਹੈ। ਮੈਨੂੰ ਆਪਣਾ ਸ਼ਰੀਰ ਹੀ ਨਹੀਂ ਹੈ। ਸ਼ਰੀਰਧਾਰੀ ਨੂੰ ਭਗਵਾਨ ਨਹੀਂ ਕਿਹਾ ਜਾਂਦਾ, ਮਨੁੱਖ ਕਿਹਾ ਜਾਂਦਾ ਹੈ। ਮਨੁੱਖ ਨੂੰ ਭਗਵਾਨ ਮੰਨਣ ਨਾਲ ਹੀ ਭਾਰਤਵਾਸੀ ਬੇਸਮਝ ਬਣ ਗਏ ਹਨ। ਨਹੀਂ ਤਾਂ ਭਾਰਤਵਾਸੀ ਬਹੁਤ ਸਿਆਣੇ ਸਨ। ਪਹਿਲੇ ਭਾਰਤ ਵਿੱਚ ਕਪੜਾ ਆਦਿ ਬਹੁਤ ਰਿਫਾਇਨ ਚੰਗਾ ਬਣਦਾ ਸੀ। ਹੁਣ ਤਾਂ ਉਹ ਚੀਜ਼ ਬਣ ਨਹੀਂ ਸਕਦੀ। ਤਾਂ ਸਵਰਗ ਵਿੱਚ ਸਾਇੰਸ ਵੀ ਸੁਖ ਦੇ ਲਈ ਹੁੰਦੀ ਹੈ। ਇੱਥੇ ਤੇ ਸਾਇੰਸ ਸੁਖ - ਦੁੱਖ ਦੋਵਾਂ ਦੇ ਲਈ ਹੈ। ਅਲਪਕਲਪ ਦਾ ਸੁਖ ਮਿਲਦਾ ਹੈ। ਦੁੱਖ ਤਾਂ ਅਪਾਰ ਹਨ। ਸਾਰੀ ਦੁਨੀਆਂ ਖ਼ਤਮ ਹੋ ਜਾਏਗੀ ਤਾਂ ਦੁੱਖ ਹੋਇਆ ਨਾ। ਸਭ ਤ੍ਰਾਹਿ - ਤ੍ਰਾਹਿ ਕਰਨਗੇ। ਉੱਥੇ ਤਾਂ ਸਾਇੰਸ ਨਾਲ ਸੁਖ ਹੀ ਸੁਖ ਹੁੰਦਾ ਹੈ, ਦੁੱਖ ਦਾ ਨਾਮ ਨਿਸ਼ਾਨ ਨਹੀਂ ਹੈ। ਇਹ ਵੀ ਜਿਨਾਂ ਦੀ ਤਕਦੀਰ ਖੁਲਦੀ ਹੈ ਉਹ ਹੀ ਸਮਝ ਸਕਦੇ ਹਨ। ਤਕਦੀਰ ਵਿੱਚ ਸੁਖ ਨਹੀਂ ਹੈ ਤਾਂ ਸਮਝ ਨਹੀਂ ਸਕਦੇ। ਬੈਰਿਸਟਰ ਵੀ ਨੰਬਰਵਾਰ ਹੁੰਦੇ ਹਨ ਨਾ। ਕਈ ਤਾਂ ਇੱਕ - ਇੱਕ ਕੇਸ ਦਾ 10-20 ਹਜ਼ਾਰ ਰੁਪਏ ਲੈਂਦੇ ਹਨ। ਕਿਸੇ ਬੈਰਿਸਟਰ ਨੂੰ ਦੇਖੋ ਤਾਂ ਕੋਟ ਵੀ ਪਹਿਨਣ ਦੇ ਲਈ ਨਹੀਂ ਹੋਵੇਗਾ। ਇੱਥੇ ਵੀ ਇਵੇਂ ਹੈ ਨਾ, ਜਾਂ ਤਾਂ ਰਾਜਾਵਾਂ ਦਾ ਰਾਜਾ ਬਣਦੇ ਜਾਂ ਤਾਂ ਪਾਈ ਪੈਸੇ ਦੀ ਪ੍ਰਜਾ ਬਣਦੇ ਹਨ। ਤਾਂ ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ ਭਾਰਤ ਹੀ ਇਸ ਸਮੇਂ ਸਭ ਤੋਂ ਗ਼ਰੀਬ ਹੈ, ਭਾਰਤ ਹੀ ਫਿਰ ਸ਼ਾਹੂਕਾਰ ਬਣਦਾ ਹੈ। ਦਾਨ ਹਮੇਸ਼ਾ ਗਰੀਬਾਂ ਨੂੰ ਦਿੱਤਾ ਜਾਂਦਾ ਹੈ। ਧਨਵਾਨ ਇਨਾਂ ਉਠਾ ਨਹੀਂ ਸਕਦੇ। ਗ਼ਰੀਬ ਸਾਧਾਰਨ ਹੀ ਇਹ ਗਿਆਨ ਉਠਾਉਣਗੇ। ਸ਼ਾਹੂਕਾਰਾਂ ਨੂੰ ਦਾਨ ਦੇਣਾ ਇਹ ਲਾਅ ਨਹੀਂ ਹੈ। ਤੁਸੀਂ ਗਰੀਬ ਹੋ ਨਾ। ਤੁਹਾਡੀ ਮੰਮਾ ਸਬ ਤੋਂ ਗ਼ਰੀਬ, ਉਹ ਹੀ ਵਿਸ਼ਵ ਦੀ ਮਹਾਰਾਣੀ ਬਣਦੀ ਹੈ। ਡਰਾਮਾ ਹੀ

ਇਵੇਂ ਬਣਿਆ ਹੋਇਆ ਹੈ। ਗ਼ਰੀਬ ਜਾਸਤੀ ਉਠਾਉਂਦੇ ਹਨ ਕਿਉਂਕਿ ਦੁਖੀ ਹਨ ਨਾ। ਸ਼ਾਹੂਕਾਰ ਤਾਂ ਬਹੁਤ ਸੁਖੀ ਹਨ। ਉਹ ਤਾਂ ਕਹਿੰਦੇ ਹਨ ਸਾਨੂੰ ਤਾਂ ਇੱਥੇ ਹੀ ਸਵਰਗ ਹੈ। ਮੋਟਰ - ਗੱਡੀਆਂ, ਪੈਸਾ ਆਦਿ ਹੈ। ਜਿਨ੍ਹਾਂ ਨੂੰ ਪੈਸਾ ਨਹੀਂ ਹੈ, ਨਰਕ ਵਿੱਚ ਹਨ ਉਹਨਾਂ ਨੂੰ ਤੁਸੀਂ ਗਿਆਨ ਦਵੋ - ਇਵੇਂ ਵੀ ਕਹਿੰਦੇ ਹਨ। ਤੁਹਾਡੀ ਹੈ ਗੋਡ ਫਾਦਰਲੀ ਸਰਵਿਸ। ਤੁਸੀਂ ਭਾਰਤ ਦੇ ਸੱਚੇ ਸਰਵੈਂਟ ਹੋ। ਉਹ ਸੋਸ਼ਲ ਵਰਕਰ ਹਨ ਜਿਸਮਾਨੀ। ਮਨੁੱਖਾਂ ਨੂੰ ਥੋੜ੍ਹਾ ਸੁਖ ਦਿੰਦੇ ਹਨ। ਇਹ ਤਾਂ ਸਾਰੀ ਸ੍ਰਿਸ਼ਟੀ ਨੂੰ ਸਾਫ਼ ਕਰ ਪਵਿੱਤਰ - ਸੁਖੀ ਬਣਾ ਦਿੰਦੇ ਹਨ। ਇਹ ਤਨ - ਮਨ - ਧਨ ਨਾਲ ਭਾਰਤ ਦੀ ਸੇਵਾ ਕਰ ਰਹੇ ਹਨ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਆਪਣਾ ਪੁਰਾਣਾ ਬੈਗ - ਬੈਗੇਜ 21 ਜਨਮਾਂ ਦੇ ਲਈ ਟਰਾਂਸਫਰ ਕਰਨਾ ਹੈ, ਇਨਸ਼ਿਓਰ ਕਰ ਟ੍ਰਸਟੀ ਹੋ ਸੰਭਾਲਣਾ ਹੈ।

**2.** ਨਿਸ਼ਚੇਬੁੱਧੀ ਬਣ ਪੜ੍ਹਾਈ ਕਰਨੀ ਹੈ। ਗਰੀਬਾਂ ਨੂੰ ਗਿਆਨ ਦਾਨ ਦੇਣਾ ਹੈ। ਭਾਰਤ ਨੂੰ ਪਵਿੱਤਰ ਬਣਾਉਣ ਦੀ ਸੱਚੀ ਸੇਵਾ ਕਰਨੀ ਹੈ।

ਵਰਦਾਨ:- ਆਪਣੇ ਹਰ ਕਰਮ ਅਤੇ ਬੋਲ ਦਵਾਰਾ ਚਲਦੇ - ਫਿਰਦੇ ਹਰ ਆਤਮਾ ਨੂੰ ਸਿੱਖਿਆ ਦੇਣ ਵਾਲੇ ਮਾਸਟਰ ਸਿੱਖਿਅਕ ਭਵ

ਜਿਵੇਂ ਅੱਜਕਲ ਚਲਦੀ - ਫਿਰਦੀ ਲਾਇਬ੍ਰੇਰੀ ਹੁੰਦੀ ਹੈ, ਇਵੇਂ ਤੁਸੀਂ ਵੀ ਚੱਲਦੇ - ਫਿਰਦੇ ਮਾਸਟਰ ਸਿੱਖਿਅਕ ਹੋ। ਸਦਾ ਆਪਣੇ ਸਾਹਮਣੇ ਸਟੂਡੈਂਟ ਦੇਖੋ, ਇਕੱਲੇ ਨਹੀਂ ਹੋ, ਸਦਾ ਸਟੂਡੈਂਟ ਦੇ ਸਾਹਮਣੇ ਹੋ। ਸਦਾ ਸਟੱਡੀ ਕਰ ਵੀ ਰਹੇ ਹੋ ਅਤੇ ਕਰਵਾ ਵੀ ਰਹੇ ਹੋ। ਯੋਗ ਸਿਖਿਅਕ ਕਦੀ ਸਟੂਡੈਂਟ ਦੇ ਅੱਗੇ ਅਲਬੇਲੇ ਨਹੀਂ ਹੋਣਗੇ, ਅਟੈਂਸ਼ਨ ਰੱਖਣਗੇ। ਤੁਸੀਂ ਸੌਂਦੇ ਹੋ, ਉਠਦੇ ਹੋ, ਚੱਲਦੇ ਹੋ, ਖਾਂਦੇ ਹੋ, ਹਰ ਸਮੇਂ ਸਮਝੋ ਅਸੀਂ ਵੱਡੇ ਕਾਲੇਜ ਵਿੱਚ ਬੈਠੇ ਹਾਂ, ਸਟੂਡੈਂਟ ਦੇਖ ਰਹੇ ਹਨ।

ਸਲੋਗਨ:- ਆਤਮ ਨਿਸ਼ਚੇ ਨਾਲ ਆਪਣੇ ਸੰਸਕਾਰਾਂ ਨੂੰ ਸੰਪੂਰਨ ਪਾਵਨ ਬਨਾਉਣਾ ਹੀ ਸ੍ਰੇਸ਼ਠ ਯੋਗ ਹੈ।

******